Vigilance Bureau Punjab

# Honey trap; Vigilance nabs Head Constable, two women in a bribery case

Chandigarh, January 20: State Vigilance Bureau nabbed a head constable (HC) Raja Singh while accepting bribe of Rs. 50,000, who was fabricating a ‘honey trap’ with his two women associates.

Disclosing this here an official spokesperson of the Vigilance Bureau said HC Raja Singh posted in Kapurthala police was nabbed red handed on the complaint of Baljit Singh, reader to Judicial Magistrate Ludhiana.

The Complainant has approached the VB and informed that he came into contact with a lady known as Gurvinder Kaur through Facebook, who called him at a flat of her associate Narinder Kaur at Guru Gobind Singh Avenue, Jalandhar on December 29. He added that as per pre-planning, her associate head constable Raja Singh raided that flat and threatened him to register a case under immoral traffic act. The complainant alleged that the accused police official was demanding Rs 2 lakh for not taking any action against him and the deal was struck at Rs. 1 lakh. The spokesperson said the accused lady was also pressurizing the complainant to deliver the promised amount to police official.

After verifying his information, the Vigilance team laid a trap and the accused HC was arrested on the spot taking bribe of Rs. 50,000 as a first installment from the complainant in the presence of two official witnesses.

He informed that case under prevention of corruption act has been registered against the accused HC and his two women associates at VB police station Jalandhar and further investigations were under progress.

------------------

ਵਿਜੀਲੈਂਸ ਬਿਓਰੋ ਪੰਜਾਬ

# ਹਨੀ ਟਰੈਪ: ਵਿਜੀਲੈਂਸ ਨੇ ਰਿਸ਼ਵਤ ਲੈਂਦਾ ਹੌਲਦਾਰ ਅਤੇ ਉਸ ਦੀਆਂ ਮਦਦਗਾਰ ਦੋ ਮਹਿਲਾਵਾਂ ਨੂੰ ਕੀਤਾ ਗ੍ਰਿਫਤਾਰ

ਚੰਡੀਗੜ੍ਹ, 20 ਜਨਵਰੀ : ਪੰਜਾਬ ਵਿਜੀਲੈਂਸ ਬਿਊਰੋ ਨੇ ਕਪੂਰਥਲਾ ਪੁਲਿਸ ਵਿਚ ਤਾਇਨਾਤ ਹੌਲਦਾਰ ਰਾਜਾ ਸਿੰਘ ਨੂੰ 50,000 ਰੁਪਏਂ ਦੀ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕਰ ਲਿਆ ਜੋਕਿ ਆਪਣੀਆਂ ਦੋ ਮਹਿਲਾ ਸਹਿਯੋਗੀਆਂ ਨਾਲ ਸਾਜਿਸ਼ ਰਚ ਕੇ ਇਕ ਸਰਕਾਰੀ ਮੁਲਾਜਮ ਨੂੰ ਬਦਕਾਰੀ ਦੇ ਕੇਸ ਵਿਚ ਫਸਾਉਣਾ ਚਾਹੁੰਦਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਹੌਲਦਾਰ ਨੂੰ ਸ਼ਿਕਾਇਤਕਰਤਾ ਬਲਜੀਤ ਸਿੰਘ ਗੇਡਰ, ਜੂਡੀਸ਼ੀਅਲ ਮੈਜਿਸਟਰੇਟ, ਲੁਧਿਆਣਾ ਦੀ ਸ਼ਿਕਾਇਤ ’ਤੇ ਫ਼ੜਿਆ ਹੈ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਦੱਸਿਆ ਕਿ ਉਹ ਗੁਰਿੰਦਰ ਕੌਰ ਨਾਅ ਦੀ ਇਕ ਔਰਤ ਨਾਲ ਫੈਸਬੁੱਕ ’ਤੇ ਸੰਪਰਕ ਵਿਚ ਆਇਆ ਸੀ, ਜਿਸ ਨੇ ਉਸ ਨੂੰ 29 ਦਤੰਬਰ ਨੂੰ ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ ਵਿਚ ਆਪਣੀ ਭੈਣ ਨਰਿੰਦਰ ਕੌਰ ਦੇ ਫਲੈਟ ਵਿਚ ਪਹਿਲਾਂ ਤੋਂ ਹੀ ਰਚੀ ਸਾਜਿਸ਼ ਤਹਿਤ ਬੁਲਾਇਆ ਸੀ। ਉਸ ਨੂੰ ਫਸਾਉਣ ਲਈ ਗੁਰਿੰਦਰ ਕੌਰ ਤੇ ਨਰਿੰਦਰ ਕੌਰ ਦੇ ਸਹਿਯੋਗੀ ਹੌਲਦਾਰ ਰਾਜਾ ਸਿੰਘ ਨੇ ਉਸ ਫਲੈਟ ਉੱਤੇ ਛਾਪਾ ਮਾਰਿਆ ਅਤੇ ਉਸ ਨੂੰ ਅਨੈਤਿਕ ਗਤੀਵਿਧੀਆਂ ਕਾਨੂੰਨ ਦੇ ਤਹਿਤ ਮੁਕੱਦਮਾ ਦਰਜ ਕਰਨ ਦੀ ਧਮਕੀ ਦਿੱਤੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਪੁਲਿਸ ਕਰਮਚਾਰੀ ਉਸ ਵਿਰੁੱਧ ਕੋਈ ਕਾਰਵਾਈ ਨਾ ਕਰਨ ਬਦਲੇ 2 ਲੱਖ ਰੁਪਏ ਦੀ ਮੰਗ ਕਰ ਰਿਹਾ ਸੀ ਪਰ ਸੌਦਾ ਇਕ ਲੱਖ ਰੁਪਏ ਵਿਚ ਤੈਅ ਹੋਇਆ ਹੈ। ਬੁਲਾਰੇ ਨੇ ਇਹ ਵੀ ਕਿਹਾ ਕਿ ਦੋਸ਼ੀ ਔਰਤ ਗੁਰਿੰਦਰ ਕੌਰ ਵੀ ਸ਼ਿਕਾਇਤਕਰਤਾ ‘ਤੇ ਦਬਾਅ ਪਾ ਰਹੀ ਸੀ ਕਿ ਉਹ ਪੁਲੀਸ ਕਰਮਚਾਰੀ ਨੂੰ ਵਾਅਦੇ ਮੁਤਾਬਿਕ ਅਦਾਇਗੀ ਯੋਗ ਰਕਮ ਛੇਤੀ ਦੇਵੇ।

ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਹੌਲਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਪਹਿਲੀ ਕਿਸ਼ਤ ਵਜੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ ‘ਤੇ ਹੀ ਦਬੋਚ ਲਿਆ।

ਬੁਲਾਰੇ ਨੇ ਦੱਸਿਆ ਕਿ ਉਕਤ ਤਿੰਨ ਦੋਸ਼ੀਆਂ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

-----------------